## **ਰੋਜ਼ਗਾਰ ਭੇਦਭਾਵ ਕੀ ਹੈ?**

ਕਿਸੇ ਵੀ ਸੁਰੱਖਿਅਤ ਵਰਗ ਦੇ ਅਧਾਰ 'ਤੇ ਰੋਜ਼ਗਾਰ ਵਿੱਚ ਭੇਦਭਾਵ ਕਰਨ ਵਾਲੀਆਂ ਆਦਤਾਂ ਗ਼ੈਰ-ਕਨੂੰਨੀ ਹਨ। ਰੋਜ਼ਗਾਰ ਭੇਦਭਾਵ ਉਦੋਂ ਹੁੰਦਾ ਹੈ ਜਦੋਂ ਵਿਅਕਤੀ ਦੇ ਸੁਰੱਖਿਅਤ ਵਰਗ ਸਥਿਤੀ ਦੇ *ਕਾਰਨ* ਇੱਕ ਵਿਅਕਤੀ ਨਾਲ ਅਣਉਚਿਤ ਵਤੀਰਾ ਕੀਤਾ ਜਾਂਦਾ ਹੈ।



## **ਰੋਜ਼ਗਾਰ ਦੀਆਂ ਸੁਰੱਖਿਅਤ ਵਰਗਾਂ ਵਿੱਚ ਸ਼ਾਮਲ ਹਨ:**

- ਨਸਲ/ਰੰਗ (ਨਸਲੀ ਹੇਅਰ ਸਟਾਈਲ ਸਮੇਤ)
- ਰਾਸ਼ਟਰੀ ਮੂਲ
- ਸਿਟੀਜ਼ਨਸ਼ਿਪ/ਇਮੀਗ੍ਰੇਸ਼ਨ ਸਥਿਤੀ
- ਧਰਮ
- ਲਿੰਗ/ਗਰਭ ਅਵਸਥਾ
- ਸੈਕਸੁਅਲ ਰੁਝਾਨ/ਲਿੰਗ ਪਛਾਣ
- ਵੈਟਰਨ/ਮਿਲਟਰੀ ਸਥਿਤੀ
- ਕਿਸੇ ਵੀ ਸੰਵੇਦਨਾਤਮਕ, ਮਾਨਸਿਕ, ਜਾਂ ਸਰੀਰਕ ਅਸਲ ਅਸਮਰੱਥਾ ਜਾਂ ਸਮਝ ਸੰਬੰਧੀ ਅਪਾਹਜਤਾ ਹੋਣਾ
- ਇੱਕ ਸਰਵਿਸ ਐਨੀਮਲ ਦੀ ਵਰਤੋਂ
- ਐੱਚਆਈਵੀ ਜਾਂ ਹੈਪੇਟਾਈਟਿਸ ਸੀ
- ਵਿਵਾਹਿਕ ਸਥਿਤੀ
- ਉਮਰ (40+)
- ਸਟੇਟ ਕਰਮਚਾਰੀ ਵਿਸਲਬਲੋਅਰ ਸਥਿਤੀ

ਕਿਸੇ ਵੀ ਅਜਿਹੇ ਵਿਅਕਤੀ ਦੇ ਵਿਰੁੱਧ **ਬਦਲੇ ਦੀ ਭਾਵਨਾ ਰੱਖਣਾ ਜਾਂ ਬਦਲਾ ਲੈਣਾ** ਵੀ ਗ਼ੈਰ-ਕਨੂੰਨੀ ਹੈ, ਜੋ ਭੇਦਭਾਵ ਦੀ ਸ਼ਿਕਾਇਤ ਦਰਜ਼ ਕਰਦਾ ਹੈ ਜਾਂ ਉਸ ਕਾਰਵਾਈ ਵਿੱਚ ਹਿੱਸਾ ਲੈਂਦਾ ਹੈ।



ਗ਼ੈਰ-ਕਨੂੰਨੀ ਭੇਦਭਾਵ ਰੋਜ਼ਗਾਰ ਅਰਜ਼ੀ ਪ੍ਰਕਿਰਿਆ ਦੇ ਦੌਰਾਨ ਰੋਜ਼ਗਾਰ ਦੀਆਂ ਅਣਉਚਿਤ ਪੁੱਛਗਿੱਛ ਦੁਆਰਾ ਜਾਂ ਨੌਕਰੀ ਦੌਰਾਨ ਰੋਜ਼ਗਾਰ ਵਿੱਚ ਹੋ ਸਕਦਾ ਹੈ। ਰੋਜ਼ਗਾਰ ਭੇਦਭਾਵ ਹੋਣ ਵਿੱਚ ਸ਼ਾਮਲ ਹਨ: ਵੱਖਰਾ ਵਤੀਰਾ, ਜਿੱਥੇ ਕਿਸੇ ਵਿਅਕਤੀ ਨਾਲ ਕੰਮ ਕਰਨ ਵਾਲੇ ਸਥਾਨ ਵਿੱਚ ਮੌਜੂਦ ਉਸੇ ਤਰ੍ਹਾਂ ਦੇ ਸਹਿਕਰਮੀਆਂ ਦੀ ਤੁਲਨਾ ਵੱਖਰੇ ਜਾਂ ਗਲਤ ਤਰੀਕੇ ਨਾਲ ਵਿਵਹਾਰ ਕੀਤਾ ਜਾਂਦਾ ਹੈ ਜੋ ਵਿਅਕਤੀ ਸੁਰੱਖਿਅਤ ਵਰਗ ਤੋਂ ਬਾਹਰ ਹੁੰਦੇ ਹਨ; ਵੱਖਰੇ ਪ੍ਰਭਾਵ, ਜਿਸ ਵਿੱਚ ਨਿਯੋਕਤਾ ਦੀ ਕੋਈ ਨੀਤੀ ਜਾਂ ਤਰੀਕਾ ਹੋ ਸਕਦਾ ਹੈ ਜੋ ਨਿਰਪੱਖ ਦਿਖਾਈ ਦਿੰਦਾ ਹੈ, ਪਰ ਜਿਸਦਾ ਨਤੀਜਾ ਹੈ ਉਨ੍ਹਾਂ ਦੇ ਆਮ ਸੁਰੱਖਿਅਤ ਗਰੁੱਪ ਦੇ ਅਧਾਰ 'ਤੇ ਵਿਅਕਤੀਆਂ ਦੇ ਪੂਰੇ ਗਰੁੱਪ ਨਾਲ ਅਣਉਚਿਤ ਵਤੀਰਾ; ਉਤਪੀੜਨ/ਵਿਰੋਧੀ ਕੰਮ ਵਾਤਾਵਰਣ, ਜਿਸ ਵਿੱਚ ਕੰਮ ਕਰਨ ਦੀਆਂ ਸਥਿਤੀਆਂ ਕਰਮਚਾਰੀ ਦੇ ਸੁਰੱਖਿਅਤ ਵਰਗ ਕਾਰਨ ਇੰਨੇ ਅਸਹਿਣਸ਼ੀਲ ਹੁੰਦੀਆਂ ਹਨ ਕਿ ਕਰਮਚਾਰੀ ਨੂੰ ਗਲਤ ਵਿਵਹਾਰ ਦੇ ਕਾਰਨ ਅਸਤੀਫਾ ਦੇਣ ਲਈ ਮਜਬੂਰ ਹੋਣਾ ਚਾਹੀਦਾ ਸੀ; ਅਪੰਗਤਾ ਜਾਂ ਧਾਰਮਿਕ ਵਿਸ਼ਵਾਸ਼ ਨੂੰ ਪੂਰਾ ਕਰਨ ਵਿੱਚ ਅਸਫਲਤਾ; ਜਾਂ ਭੇਦਭਾਵ ਬਾਰੇ ਸ਼ਿਕਾਇਤ ਕਰਨ ਲਈ ਬਦਲਾ।
ਰੋਜ਼ਗਾਰ ਪੱਖਪਾਤ ਨੂੰ ਸਟੇਟ ਅਤੇ ਫੈਡਰਲ ਕਨੂੰਨਾਂ ਦੋਵਾਂ ਦੁਆਰਾ ਕੰਟਰੋਲ ਕੀਤਾ ਜਾਂਦਾ ਹੈ, ਅਤੇ ਅਦਾਲਤੀ ਪ੍ਰਣਾਲੀ ਮੁਕੱਦਮੇਬਾਜ਼ੀ ਦੁਆਰਾ, ਜਿਸ ਨੂੰ ਕਨੂੰਨ ਦੇ ਸਾਮ੍ਹਣੇ ਪੇਸ਼ ਕੀਤਾ ਜਾਂਦਾ ਹੈ ਜੋ ਤੱਥ-ਵਿਸ਼ੇਸ਼ ਸਥਿਤੀਆਂ ਦੀ ਵਿਆਖਿਆ ਕਰਦਾ ਹੈ ਅਤੇ ਉਨ੍ਹਾਂ 'ਤੇ ਲਾਗੂ ਹੁੰਦਾ ਹੈ। ਵਾਸ਼ਿੰਗਟਨ ਸਟੇਟ ਰੋਜ਼ਗਾਰ ਭੇਦਭਾਵ ਕਾਨੂੰਨ (Washington State Employment Discrimination Laws) ਆਰਸੀਡਬਲਿਯੂ (RCW) 49.60; ਸਿਰਲੇਖ 162 ਵਾਸ਼ਿੰਗਟਨ ਪ੍ਰਸ਼ਾਸਕੀ ਕੋਡ (Washington Administrative Code); ਅਤੇ ਕੇਸ ਲਾਅ ਵਿੱਚ ਮਿਲਦਾ ਹੈ। ਸਿਰਲੇਖ 162 ਵਾਸ਼ਿੰਗਟਨ ਪ੍ਰਸਾਸ਼ਕੀ ਕੋਡ (WAC); ਅਤੇ ਕੇਸ ਲਾਅ। ਫੈਡਰਲ ਰੋਜ਼ਗਾਰ ਭੇਦਭਾਵ ਕਨੂੰਨਾਂ ਵਿੱਚ ਸ਼ਾਮਲ ਹਨ: 1964 ਦੇ ਨਾਗਰਿਕ ਅਧਿਕਾਰ ਐਕਟ ਦਾ ਸਿਰਲੇਖ VII; ਅਮਰੀਕੀ ਅਪਾਹਜਤਾ ਐਕਟ ਦਾ ਸਿਰਲੇਖ I; ਰੋਜ਼ਗਾਰ ਐਕਟ (ADEA) 1967 ਵਿੱਚ ਉਮਰ ਦਾ ਭੇਦਭਾਵ; ਸਮਾਨ ਵੇਤਨ ਐਕਟ (EPA) 1963 ; ਜੈਨਟਿਕ ਜਾਣਕਾਰੀ ਗੈਰ; ਸਮਾਨ ਵੇਤਨ ਐਕਟ 1963 (EPA); ਜੈਨੇਟਿਕ ਜਾਣਕਾਰੀ ਗੈਰ ਭੇਦਭਾਵਕਾਰੀ ਐਕਟ (GINA); ਲਿਲੀ ਲੈਡਬੇਟਰ ਫੇਅਰ ਪੇਅ ਐਕਟ; ਅਤੇ ਕੇਸ ਲਾਅ।



ਵਾਸ਼ਿੰਗਟਨ ਸਟੇਟ ਮਨੁੱਖੀ ਅਧਿਕਾਰ ਕਮਿਸ਼ਨ (WSHRC) ਸ਼ਿਕਾਇਤ ਦੀ ਜਾਂਚ, ਵਿਵਾਦ ਦੇ ਵਿਕਲਪ ਹੱਲ, ਅਤੇ ਸਿੱਖਿਆ, ਟ੍ਰੇਨਿੰਗ ਅਤੇ ਪਹੁੰਚ ਦੀਆਂ ਗਤੀਵਿਧੀਆਂ ਰਾਹੀਂ ਭੇਦਭਾਵ ਦੀ ਰੋਕਥਾਮ ਅਤੇ ਉਸ ਨੂੰ ਖਤਮ ਕਰਨ ਲਈ ਕੰਮ ਕਰਦਾ ਹੈ।

## ਸ਼ਿਕਾਇਤ ਦਰਜ ਕਰਨਾ

ਕਨੂੰਨ ਦੀ ਪਾਲਣਾ ਕਰਨਾ ਹਰ ਇੱਕ ਵਿਅਕਤੀ ਦਾ ਫ਼ਰਜ਼ ਬਣਦਾ ਹੈ ਅਤੇ ਨੁਕਸਾਨ ਹੋਣ 'ਤੇ ਉਸਦਾ ਹੱਲ ਪ੍ਰਾਪਤ ਕਰਨ ਦਾ ਵੀ ਅਧਿਕਾਰ ਹੈ। ਆਰਸੀਡਬਿਲਯੂ (RCW) 49.60 ਦੀ ਉਲੰਘਣਾ ਦਾ ਦੋਸ਼ ਲਗਾਉਣ ਵਾਲੀਆਂ ਸ਼ਿਕਾਇਤਾਂ ਗਰਭ ਅਵਸਥਾ ਦੇ ਭੇਦਭਾਵ ਦੇ ਮਾਮਿਲਆਂ ਨੂੰ ਛੱਡ ਕੇ, ਨੁਕਸਾਨ ਦੀ ਮਿਤੀ ਤੋਂ ਛੇ ਮਹੀਨਿਆਂ ਦੇ ਅੰਦਰ ਦਾਇਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਜਿਨ੍ਹਾਂ ਨੂੰ ਇੱਕ ਸਾਲ ਦੇ ਅੰਦਰ ਦਾਇਰ ਕਰਨਾ ਲਾਜ਼ਮੀ ਹੈ; ਅਤੇ ਦੋ ਸਾਲ ਦੇ ਅੰਦਰ-ਅੰਦਰ ਵਿਸਲਬਲੋਅਰ ਸ਼ਿਕਾਇਤਾਂ ਦਾਇਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਧਿਰਾਂ ਅਤੇ ਡਬਲਿਯੂਐਸਐਚਆਰਸੀ ਵਿਚਕਾਰ ਸਮਝੌਤੇ ਦੇ ਤਹਿਤ ਸ਼ਿਕਾਇਤਾਂ ਦੀ ਜਾਂਚ ਦੇ ਦੌਰਾਨ ਹੱਲ ਕੀਤਾ ਜਾ ਸਕਦਾ ਹੈ। ਡਬਲਿਯੂਐਸਐਚਆਰਸੀ (WSHRC) ਕੋਲ 8 ਤੋਂ ਘੱਟ ਕਰਮਚਾਰੀ, ਮੂਲ ਅਮਰੀਕੀ ਕਬੀਲੇ, ਫੈਡਰਲ ਸਰਕਾਰ, ਜਾਂ ਵਾਸ਼ਿੰਗਟਨ ਸਟੇਟ ਤੋਂ ਬਾਹਰ ਦਾਅਵਿਆਂ ਵਾਲੇ ਮਾਲਕਾਂ ਬਾਰੇ **ਕੋਈ ਅਧਿਕਾਰ ਖੇਤਰ ਨਹੀਂ** ਹੈ।



## ਕਨੂੰਨ ਦੀ ਨਿਰਪੱਖ ਅਰਜ਼ੀ

ਵਾਸ਼ਿੰਗਟਨ ਸਟੇਟ ਮਨੁੱਖੀ ਅਧਿਕਾਰ ਕਮਿਸ਼ਨ ਇਕ ਨਿਰਪੱਖ, ਤੱਥ-ਲੱਭਣ ਵਾਲੀ ਕਨੂੰਨ ਲਾਗੂ ਕਰਨ ਵਾਲੀ ਏਜੰਸੀ ਹੈ; ਇਹ ਕਿਸੇ ਵੀ ਜਾਂਚ ਦੇ ਦੌਰਾਨ ਕਿਸੇ ਵੀ ਧਿਰ ਦੇ ਵਕੀਲ ਵਜੋਂ ਕੰਮ ਨਹੀਂ ਕਰਦਾ, ਬਲਕਿ ਭੇਦਭਾਵ ਦੀ ਰੋਕਥਾਮ ਅਤੇ ਇਸ ਨੂੰ ਖਤਮ ਕਰਨ ਦੇ ਹਿੱਤ ਵਿੱਚ ਕਨੂੰਨ ਦੀ ਵਕਾਲਤ ਕਰਦਾ ਹੈ।

## ਵਾਸ਼ਿੰਗਟਨ ਸਟੇਟ ਮਨੁੱਖੀ ਅਧਿਕਾਰ ਕਮਿਸ਼ਨ ਦੇ ਸਥਾਨ

**ਮੁੱਖ ਦਫ਼ਤਰ**
711 S. Capitol Way, Suite 402
P.O. Box 42490
Olympia, Washington 98504-2490
360-753-6770

**SPOKANE**
Rock Pointe Plaza III
1330 N. Washington Street, Ste 2460
Spokane, Washington 99201

**YAKIMA**
1205 Ahtanum Ridge Dr., Suite C
Union Gap, WA 98903

**WENATCHEE**
519 Grant Rd
East Wenatchee, WA 98802

WASHINGTON STATE
HUMAN RIGHTS COMMISSION
It's Not Justice If It's Not Equal

ਜੇ ਤੁਹਾਨੂੰ ਵਧੇਰੇ ਜਾਣਕਾਰੀ ਦੀ ਜ਼ਰੂਰਤ ਹੈ, ਵਾਧੂ ਪ੍ਰਸ਼ਨ ਹਨ, ਜਾਂ ਆਪਣੀ ਸੰਸਥਾ ਲਈ ਟ੍ਰੇਨਿੰਗ ਲੈਣਾ ਚਾਹੁੰਦੇ ਹੋ, ਤਾਂ ਡਬਲਿਯੂਐਸਐਚਆਰਸੀ (WSHRC) ਨਾਲ 360-753-6770 ਜਾਂ 800-233-3247 'ਤੇ ਸੰਪਰਕ ਕਰੋ। ਇਸ ਅਤੇ ਹੋਰ ਨਾਗਰਿਕ ਅਧਿਕਾਰ ਮੁੱਦਿਆਂ 'ਤੇ ਵਧੇਰੇ ਜਾਣਕਾਰੀ ਸਾਡੀ ਵੈੱਬਸਾਈਟ ’ਤੇ ਪ੍ਰਾਪਤ ਕੀਤੀ ਜਾ ਸਕਦੀ ਹੈ

www.hum.wa.gov

# ਵਾਸ਼ਿੰਗਟਨ ਸਟੇਟ ਮਨੁੱਖੀ ਅਧਿਕਾਰ ਕਮਿਸ਼ਨ




# ਰੋਜ਼ਗਾਰ ਭੇਦਭਾਵ

*ਵਾਸ਼ਿੰਗਟਨ ਸਟੇਟ ਮਨੁੱਖੀ ਅਧਿਕਾਰ ਕਮਿਸ਼ਨ ਦਾ ਮਿਸ਼ਨ ਕਨੂੰਨ ਦੀ ਨਿਰਪੱਖ ਵਰਤੋਂ, ਸੰਸਾਧਨਾਂ ਦੀ ਕੁਸ਼ਲ ਵਰਤੋਂ ਅਤੇ ਕਮਿਉਨਿਟੀ ਵਿੱਚ ਲਾਭਕਾਰੀ ਭਾਈਵਾਲੀ ਦੀ ਸਥਾਪਨਾ ਦੁਆਰਾ ਭੇਦਭਾਵ ਦੀ ਰੋਕਥਾਮ ਅਤੇ ਉਸ ਨੂੰ ਖ਼ਤਮ ਕਰਨਾ ਹੈ।*